PO Box No. 19,
Amritsar-143001,
Panjab,
India
Tel: +91 9779957973 (Panjab)
Email: unitedsikhs-india@unitedsikhs.org

UNITED SIKHS
*Recognize the Human Race as One*

*To transform underprivileged and minority communities and individuals into informed and vibrant members of society through civic, educational and personal development programs, by fostering active participation in social and economic activity.*

# ਦਸਤਾਰ ਪਹਿਨਣ ਦੇ ਹੱਕ ਲਈ ਸੁਪਰੀਮ ਕੋਰਟ ਵਿਚ ਟਰਬਨੇਟਰ ਦੀ ਪੇਟੀਸ਼ਨ

"ਸਮੁਚੇ ਦਸਤਾਰਧਾਰੀ ਸਾਈਕਲਿੰਗ ਭਾਈਚਾਰੇ ਵਲੋਂ, ਮੈਂ ਇਸ ਮਾਮਲੇ ਨੂੰ ਚੁਕਣ ਲਈ ਯੂਨਾਈਟਿਡ ਸਿੱਖਸ ਦੀ ਕਾਨੂੰਨੀ ਟੀਮ ਦਾ ਸ਼ੁਕਰਗੁਜ਼ਾਰ ਹਾਂ । ਮੈਨੂੰ ਉਹ ਦਿਨ ਯਾਦ ਹੈ ਜਦੋਂ ਮੈਨੂੰ ਸਾਈਕਲਿੰਗ ਇਵੇਂਟ ਵਿਚ ਉਦੋਂ ਤੱਕ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਸੀ, ਜਦੋਂ ਤੱਕ ਮੈਂ ਆਪਣੀ ਦਸਤਾਰ ਉਤਾਰ ਕੇ ਹੈਲਮੇਟ ਪਾਉਂਣ ਨੂੰ ਰਾਜੀ ਨਹੀਂ ਸੀ ਹੁੰਦਾ । ਉਸ ਵੇਲੇ ਦੀ ਤਕਲੀਫ ਤੇ ਨਿਰਾਸ਼ਾ ਬਹੁਤ ਦੁਖਦਾਈ ਸੀ, ਯੂਨਾਈਟਿਡ ਸਿੱਖਸ ਨੇ ਇਸ ਮੁੱਦੇ ਨੂੰ ਹਮਦਰਦੀ ਨਾਲ ਚੁਕਿਆ ਅਤੇ ਸੀਨੀਅਰ ਐਡਵੋਕੇਟ ਰੁਪਿੰਦਰ ਸਿੰਘ ਸੂਰੀ ਨੂੰ ਦਸਤਾਰ ਦੇ ਹੱਕ ਲਈ ਲੜਾਈ ਲੜਨ ਲਈ ਬੇਨਤੀ ਕੀਤੀ । ਇਹ ਲੜਾਈ ਕਿਸੀ ਇਕ ਵਿਅਕਤੀ ਲਈ ਨਹੀਂ ਹੈ ਬਲਕਿ ਇਹ ਮੌਜੂਦਾ ਅਤੇ ਭਵਿੱਖ ਦੇ ਸਾਰੇ ਦਸਤਾਰਧਾਰੀ ਸਾਈਕਲਿਸਟਾਂ ਲਈ ਹੈ," ਟਰਬਨੇਟਰਸ ਸਾਈਕਲਿੰਗ ਗਰੁਪ ਦੀ ਅਸਥਾਪਨਾ ਕਰਨ ਵਾਲੇ ਜਗਦੀਪ ਸਿੰਘ ਦਾ ਇਹ ਕਹਿਣਾ ਹੈ । ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀਆਂ ਵਿਧਵਾਵਾਂ ਲਈ ਫੰਡ ਜੁਟਾਉਣ ਵਾਸਤੇ ਟਰਬਨੇਟਰਸ ਗਰੁਪ ਦਿੱਲੀ ਤੋਂ ਅੰਮ੍ਰਿਤਸਰ ਲਈ 15 ਮਾਰਚ ਤੋਂ 17 ਮਾਰਚ 2018 ਤੱਕ ਹੱਕਾਂ ਵਾਸਤੇ ਸਾਈਕਲ ਰਾਈਡ ਕਰ ਰਹੇ ਹਨ । ਇਸਦਾ ਪੋਸਟਰ ਤੁਸੀ ਦੇਖ ਸਕਦੇ ਹੋ।

16 ਮਾਰਚ 2018 ਨਵੀਂ ਦਿੱਲੀ - ਨਵੀਂ ਦਿੱਲੀ ਦੇ 50 ਸਾਲਾ ਜਗਦੀਪ ਸਿੰਘ ਨੇ ਇਸ ਹਫਤੇ ਭਾਰਤੀ ਸੁਪਰੀਮ ਕੋਰਟ ਵਿਚ ਜਨਹਿਤ ਪੇਟੀਸ਼ਨ ਦਾਇਰ ਕੀਤੀ ਹੈ, ਜਿਸ ਵਿਚ ਉਨ੍ਹਾਂ ਮਾਮਲਿਆਂ ਨਿਪਟਾਰਾ ਕਰਨ ਦੀ ਮੰਗ ਕੀਤੀ ਗਈ ਜਿੰਨਾਂ ਵਿਚ ਸਿੱਖਾਂ ਨੂੰ ਆਪਣੀ ਦਸਤਾਰ ਪਹਿਨਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਖਾਸਤੌਰ ਤੇ ਨਿਜੀ ਸੰਸਥਾਵਾਂ ਵਲੋਂ ਕਰਵਾਏ ਜਾਂਦੇ ਸਾਈਕਲਿੰਗ ਇਵੇਂਟਾਂ ਵਿਚ। ਪੇਸ਼ੇ ਤੋਂ ਗ੍ਰਾਫਿਕ ਡਿਜ਼ਾਈਨਰ ਜਗਦੀਪ ਸਿੰਘ ਨੂੰ ਅਗਸਤ 2015 ਵਿਚ ਇਕ ਭਾਰਤੀ ਸਾਈਕਲਿੰਗ ਐਸੋਸਿਏਸ਼ਨ, ਆਡੈਕਸ ਇੰਡੀਆ ਰੈਡਨੇਨੇਸ (ਏ.ਆਈ.ਆਰ.) ਨੇ ਸਾਈਕਲਿੰਗ ਸਮਾਗਮ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਸੀ ਕਿਉਕੀ ਜਗਦੀਪ ਸਿੰਘ ਨੇ ਹੈਲਮੇਟ ਦੇ ਬਜਾਏ ਦਸਤਾਰ ਪਹਿਨੀ ਸੀ ।

ਏ.ਆਈ.ਆਰ ਵਲੋਂ ਭੇਦਭਾਵ ਵਾਲੀ ਕਾਰਵਾਈ ਕਰਨ ਤੋਂ ਬਾਅਦ ਇੱਕ ਸਮਰਪਿਤ ਸਾਈਕਲਿਸਟ ਜਗਦੀਪ ਸਿੰਘ, ਜਿਨ੍ਹਾਂ ਨੇ ਪਿਛਲੇ ਸਾਲ 8000 ਕਿਮੀ ਸਾਈਕਲ ਚਲਾਈ, ਨੇ ਦਸਤਾਰਧਾਰੀ ਸਾਈਕਲ ਸਵਾਰਾਂ ਨਾਲ ਹੁੰਦੇ ਭੇਦਭਾਵ ਦੇ ਖਿਲਾਫ ਲੜਨ ਲਈ ਦਸਤਾਰਧਾਰੀ ਸਿੱਖਾਂ ਦਾ ਟਰਬਨੇਟਰਸ ਨਾਮ ਨਾਲ ਸਾਈਕਲਿੰਗ ਗਰੁਪ ਬਣਾਇਆ। ਪਿਛਲੇ ਸਾਲ ਅਪਰੈਲ ਵਿਚ ਜਗਦੀਪ ਸਿੰਘ ਨੇ ਏ.ਆਈ.ਆਰ. ਵਲੋਂ ਕੀਤੇ ਜਾ ਰਹੇ ਭੇਦਭਾਵ ਵਿਰੁੱਧ ਨਿਪਟਾਰੇ ਲਈ ਯੂਨਾਈਟਿਡ ਸਿੱਖਸ ਤੋਂ ਸਹਾਇਤਾ ਮੰਗੀ ਸੀ ।

ਯੂਨਾਈਟਿਡ ਸਿੱਖਸ ਦੇ ਇੰਟਰਨੈਸ਼ਨਲ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਮੁਤਾਬਿਕ “ਅਸੀ ਏ.ਆਈ.ਆਰ ਨੂੰ ਦਸਤਾਰਧਾਰੀ ਸਿੱਖਾਂ ਨੂੰ ਦਸਤਾਰ ਸਮੇਤ ਸਾਇਕਲ ਚਲਾਉਣ ਦੀ ਇਜਾਜ਼ਤ ਦੇਣ ਲਈ ਚਿੱਠੀ ਲਿੱਖੀ । ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਨੇ ਸਾਡਾ ਸਹਿਯੋਗ ਕੀਤਾ ਅਤੇ ਏ.ਆਈ.ਆਰ ਨੂੰ ਚਿੱਠੀ ਵੀ ਲਿਖੀ । ਹਾਲਾਂਕਿ ਸਾਡੀ ਉਹ ਕੋਸ਼ਿਸ਼ ਵਿਅਰਥ ਰਹੀ । ਮਜਿੰਦਰਪਾਲ ਕੌਰ ਨੇ ਉਦੋਂ ਸੀਨੀਅਰ ਐਡਵੋਕੇਟ ਰੁਪਿੰਦਰ ਸਿੰਘ ਜੀ ਨੂੰ ਪ੍ਰੋਬੋਨੋ ਸਰਵਿਸ ਲਈ  ਬੇਨਤੀ ਕੀਤੀ ਸੀ ।

“ਜਦ ਕਿ ਭਾਰਤੀ ਸੰਵਿਧਾਨ ਧਾਰਮਿਕ ਆਜ਼ਾਦੀ ਦੀ ਰਖਿਆ ਕਰਦਾ ਹੈ, ਉਦਾਹਰਨ ਲਈ ਭਾਰਤੀ ਸੰਵਿਧਾਨ ਸਿੱਖਾਂ ਨੂੰ ਕਿਰਪਾਨ  ਧਾਰਨ ਕਰਨ ਦੀ ਆਗਿਆ ਦਿੰਦਾ ਹੈ, ਸਿੱਖ ਭਾਈਚਾਰਾ ਪਿਛਲੇ ਕੁਝ ਸਾਲਾਂ ਤੋਂ ਦਸਤਾਰ ਸਮੇਤ ਅਪਣਾ ਧਾਰਮਿਕ ਪਹਿਰਾਵਾ ਆਜ਼ਾਦੀ ਨਾਲ ਧਾਰਨ ਕਰਨ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਆ ਰਿਹਾ ਹੈ। ਇਸ ਲਈ ਜਦੋਂ ਯੂਨਾਈਟਿਡ ਸਿੱਖਸ ਨੇ ਮੈਨੂੰ ਜਗਦੀਪ ਸਿੰਘ ਦੀ ਪ੍ਰਤਿਨਿਧਤਾ ਕਰਨ ਲਈ ਕਿਹਾ ਜੋ ਏ.ਆਈ.ਆਰ ਦੁਆਰਾ ਆਯੋਜਿਤ ਸਾਈਕਲਿੰਗ ਸਮਾਗਮਾਂ ਵਿਚ ਹਿੱਸਾ ਨਹੀਂ ਲੈ ਸਕਦੇ ਸਨ ਕਿਉਕਿ ਉਹ ਦਸਤਾਰ ਬੰਨਦੇ ਹਨ, ਇਸ ਮੁੱਦੇ ਤੇ ਮੈਂ ਸੁਪਰੀਮ ਕੋਰਟ ਜਾਣ ਨੂੰ ਆਪਣਾ ਫਰਜ਼ ਸਮਝਿਆ”। ਇਹ ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਰੁਪਿੰਦਰ ਸਿੰਘ ਸੂਰੀ ਦਾ ਕਹਿਣਾ ਹੈ ਜਿਨ੍ਹਾਂ ਦੀ ਕਾਨੂੰਨੀ ਟੀਮ ਨੇ ਇਸ ਹਫਤੇ ਪਟੀਸ਼ਨ ਦਾਇਰ ਕੀਤੀ ਹੈ।

ਮਜਿੰਦਰਪਾਲ ਕੌਰ ਮੁਤਾਬਿਕ “ਜਗਦੀਪ ਸਿੰਘ ਨੇ ਆਪਣੀ ਪੈਟੀਸ਼ਨ ਵਿਚ ਸਪਸ਼ਟ ਕੀਤਾ ਹੈ ਕਿ ਇਹ ਇਕ ਬਹੁਤ ਗੰਭੀਰ ਮੁੱਦਾ ਹੈ । ਇਹ ਦਰਸਾਇਆ ਗਿਆ ਹੈ ਕਿ ਘੱਟ ਗਿਣਤੀ ਸਿੱਖ ਭਾਈਚਾਰੇ ਤੇ ਲਗਾਤਾਰ ਹੋ ਰਹੇ ਅਜਿਹੇ ਪੱਖਪਾਤ ਖਿਲਾਫ ਖੜਨ ਦਾ ਮੌਕਾ ਖੜਾ ਕੀਤਾ ਹੈ, ਸੁਪਰੀਮ ਕੋਰਟ ਨੂੰ ਇਸ ਬਾਰੇ ਫੈਸਲਾ ਕਰਨਾ ਚਾਹੀਦਾ ਹੈ। ਇਹ ਭੇਦਭਾਵ ਖਾਸਤੌਰ ਤੇ ਗੰਭੀਰ ਹੈ, ਕਾਨੂੰਨੀ ਤੌਰ ਤੇ ਪੈਡਲ ਸਾਇਕਲ ਚਲਾਉਣ ਵਾਲਿਆਂ ਨੂੰ ਹੈਲਮੇਟ ਪਹਿਨਣ ਦੀ ਲੋੜ ਨਹੀਂ ਹੈ ਕਿਉਕਿ ਭਾਰਤ ਵਿਚ ਦਸਤਾਰਧਾਰੀ ਸਿੱਖ ਮੋਟਰਸਾਇਕਲਸਟਾਂ ਨੂੰ ਵੀ ਹੈਲਮੇਟ ਪਹਿਨਣ ਦੀ ਛੋਟ ਹੈ।

ਪਟੀਸ਼ਨ ਦਾਇਰ ਕਰਨ ਵਾਲੇ, ਚੈਂਬਰਸ ਆਫ ਆਰ ਏਸ ਸੂਰੀ ਦੇ ਐਡਵੋਕੇਟ ਲੁਕਮਨ ਐਸ. ਹਸਨ ਮੁਤਾਬਕ "ਸਿੱਖ ਭਾਈਚਾਰੇ ਦੇ ਬੁਨਿਆਦੀ ਹੱਕਾਂ ਦੀ ਉਲੰਘਣਾ ਲਈ ਕਾਨੂੰਨੀ ਉਪਾਅ ਕਰਨ ਦਾ ਕੋਈ ਕਾਨੂੰਨ ਜਾਂ ਨਿਤੀ ਨਹੀਂ ਹੈ, ਕਿ ਕਿਸੇ ਨਿਜੀ ਸੰਸਥਾ ਜਾਂ ਵਿਅਕਤੀ ਵਲੋਂ ਦਸਤਾਰਧਾਰੀ ਸਿੱਖ ਨੂੰ ਹੈਲਮੇਟ ਪਹਿਨਣ ਲਈ ਕਿਹਾ ਜਾਵੇ। ਕੇਂਦਰ ਸਰਕਾਰ ਵਲੋਂ ਨਿਰਧਾਰਿਤ ਨਿਯਮਾਂ ਮੁਤਾਬਕ ਅਜਿਹੇ ਕੋਈ ਦਿਸ਼ਾ ਨਿਰਦੇਸ਼ ਨਹੀਂ ਹਨ।

ਆਪਣੀ ਪਟੀਸ਼ਨ ਰਾਹੀਂ ਜਗਦੀਪ ਸਿੰਘ ਸੰਸਦ ਨੂੰ ਇਸ ਮੁੱਦੇ ਤੇ ਕਾਨੂੰਨ ਬਣਾਉਣ ਅਤੇ ਅਜਿਹੇ ਹਾਲਾਤਾਂ ਲਈ ਕੇਂਦਰ ਸਰਕਾਰ ਨੂੰ ਦਿਸ਼ਾ ਨਿਰਦੇਸ਼ ਦੇਣ ਦੇ ਹੁਕਮ ਜਾਰੀ ਕਰਨ ਲਈ ਸੁਪਰੀਮ ਕੋਰਟ ਨੂੰ ਅਪੀਲ ਕਰਦਾ ਹੈ।

ਟਰਬਨੇਰਜ਼ ਨੇ 15 ਤੋਂ 17 ਮਾਰਚ 2018 ਤੱਕ ਦਿੱਲੀ ਤੋਂ ਅੰਮ੍ਰਿਤਸਰ, ਪੰਜਾਬ ਤੱਕ 500 ਕਿ.ਮੀ., ਹੱਕਾਂ ਲਈ ਸਾਈਕਲ ਰੈਲੀ ਦਾ ਪ੍ਰਬੰਧ ਕੀਤਾ ਹੈ। 31 ਦਸਤਾਰਧਾਰੀ ਸਾਈਕਲਿਸਟ ਯੂਨਾਈਟਿਡ ਸਿੱਖਸ ਦੇ "ਰੇਸਕਉ ਏ ਫੈਮਿਲੀ" (ਆਰਏਐਫ) ਪ੍ਰੋਜੈਕਟ ਤਹਿਤ ਉਨਾਂ ਕਿਸਾਨਾਂ ਦੀਆਂ ਵਿਧਵਾਵਾਂ ਲਈ ਜਾਗਰੂਕ ਕਰਨ ਦੇ ਨਾਲ ਫੰਡ ਇਕੱਠਾ ਕਰੇਗਾ, ਜਿਨ੍ਹਾਂ ਦੇ ਕਿਸਾਨ ਪਤੀ ਕਰਜ਼ੇ ਕਾਰਨ ਖੁਦਕੁਸ਼ੀ ਕਰ ਚੁੱਕੇ ਹਨ। ਮੌਜੂਦਾ ਸਮੇਂ ਯੂਨਾਈਟਿਡ ਸਿੱਖਸ ਵਲੋਂ ਆਰਏਐਫ ਪ੍ਰੋਜੈਕਟ ਤਹਿਤ ਖੁਦਕੁਸ਼ੀ ਕਰਨ ਵਾਲੇ 172 ਕਿਸਾਨਾਂ ਦੀਆਂ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨ ਦਿੱਤੀ ਜਾ ਰਹੀ ਹੈ।

ਆਉ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੀਆਂ ਵਿਧਵਾਵਾਂ ਲਈ ਇਕ ਕਿਲੋਮੀਟਰ ਸਾਈਕਲ ਚਲਾਉਣ ਪਿੱਛੇ 1 ਰੁਪਿਆ ਦਾਨ ਕਰੀਏ।

www.unitedsikhs.org/donate ਤੇ ਦਾਨ ਕਰੋ

ਭਾਰਤੀ ਦਾਨੀ ਇੱਥੇ ਦਾਨ ਕਰ ਸਕਦੇ ਹਨ:

ਪੰਜਾਬ ਨੈਸ਼ਨਲ ਬੈਂਕ, ਬਿਕਾਜੀ ਕਾਮਾ ਪਲੇਸ, ਨਵੀਂ ਦਿੱਲੀ-110607

ਖਾਤਾ ਨਾਮ- UNITED SIKHS

ਖਾਤਾ ਨੰਬਰ- 1988002100188826

ਆਈਐਫਐਸਸੀ ਕੋਡ- PUNB0198800

ਖਾਤਾ ਕਿਸਮ- Current Account

ਜਾਰੀ ਕਰਤਾ
ਮਜਿੰਦਰਪਾਲ ਕੌਰ
ਇੰਟਰਨੈਸ਼ਨਲ ਲੀਗਲ ਡਾਇਰੈਕਟਰ
ਯੂਨਾਈਟਿਡ ਸਿੱਖਸ
Law-global@unitedsikhs.org
+919779957973